# ਈ-ਸਕੂਟਰ

## ਤੁਹਾਨੂੰ ਕੀ ਜਾਣਨ ਦੀ ਲੋੜ ਹੈ



ਜਨਤਕ ਤੌਰ 'ਤੇ
ਨਿੱਜੀ ਮਾਲਕੀ ਵਾਲੇ
ਇਲੈਕਟ੍ਰਿਕ ਸਕੂਟਰ
ਦੀ ਸਵਾਰੀ ਕਰਨਾ
ਗੈਰ-ਕਾਨੂੰਨੀ ਹੈ

# ਕੀ ਤੁਸੀਂ ਜਾਣਦੇ ਹੋ ਕਿ ਜਨਤਕ ਤੌਰ 'ਤੇ ਨਿੱਜੀ ਮਾਲਕੀ ਵਾਲੇ ਇਲੈਕਟ੍ਰਿਕ ਸਕੂਟਰ (ਈ-ਸਕੂਟਰ) ਦੀ ਸਵਾਰੀ ਕਰਨਾ ਗੈਰ-ਕਾਨੂੰਨੀ ਹੈ

ਇਹ ਇਸ ਕਰਕੇ ਹੈ ਕਿਉਂਕਿ ਈ-ਸਕੂਟਰਾਂ ਨੂੰ ਕਾਨੂੰਨ ਵਿੱਚ ਮੋਟਰ ਵਾਹਨਾਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਇਸ ਲਈ, ਸਿਧਾਂਤਤ ਤੌਰ 'ਤੇ, ਇਸਦਾ ਮਤਲਬ ਹੈ ਕਿ ਤੁਹਾਨੂੰ ਇੱਕ ਦੀ ਵਰਤੋਂ ਕਰਨ ਲਈ ਇੱਕ ਐਮ.ਓ.ਟੀ. (MOT), ਰੋਡ ਟੈਕਸ ਅਤੇ ਬੀਮੇ ਦੀ ਲੋੜ ਹੈ, ਪਰੰਤੂ ਇਸ ਤਰੀਕੇ ਨਾਲ ਈ-ਸਕੂਟਰਾਂ ਨੂੰ ਰਜਿਸਟਰ ਕਰਨਾ ਵਰਤਮਾਨ ਵਿੱਚ ਸੰਭਵ ਨਹੀਂ ਹੈ।

ਨਿੱਜੀ ਮਾਲਕੀ ਵਾਲੇ ਈ-ਸਕੂਟਰਾਂ ਦੀ ਵਰਤੋਂ ਜ਼ਮੀਨ ਮਾਲਕ ਦੀ ਇਜਾਜ਼ਤ ਨਾਲ, ਨਿੱਜੀ ਜ਼ਮੀਨ 'ਤੇ ਕੀਤੀ ਜਾ ਸਕਦੀ ਹੈ।

ਤੁਸੀਂ ਸੜਕ, ਫੁੱਟਪਾਥ ਜਾਂ ਕਿਸੇ ਜਨਤਕ ਥਾਂ 'ਤੇ, ਨਿੱਜੀ ਮਾਲਕੀ ਵਾਲੇ ਈ-ਸਕੂਟਰ ਦੀ ਵਰਤੋਂ ਨਹੀਂ ਕਰ ਸਕਦੇ। ਜੇਕਰ ਤੁਸੀਂ ਅਜਿਹਾ ਕਰਦੇ ਹੋ ਤਾਂ ਤੁਹਾਨੂੰ ਵੱਡਾ ਜੁਰਮਾਨਾ ਹੋ ਸਕਦਾ ਹੈ, ਤੁਹਾਡੇ ਡਰਾਈਵਿੰਗ ਲਾਇਸੈਂਸ 'ਤੇ ਪੁਆਇੰਟ ਲੱਗ ਸਕਦੇ ਹਨ ਅਤੇ ਤੁਹਾਡਾ ਈ-ਸਕੂਟਰ ਜ਼ਬਤ ਕੀਤਾ ਜਾ ਸਕਦਾ ਹੈ।

ਯੂਕੇ ਦੇ ਕੁਝ ਹਿੱਸਿਆਂ ਵਿੱਚ ਕਿਰਾਏ ਦੇ ਈ-ਸਕੂਟਰਾਂ ਦੇ ਸਰਕਾਰੀ ਟਰਾਇਲ ਚਲ ਰਹੇ ਹਨ। ਜੇਕਰ ਤੁਹਾਡੀ ਉਮਰ 16 ਸਾਲ ਤੋਂ ਵੱਧ ਹੈ ਅਤੇ ਤੁਹਾਡੇ ਕੋਲ ਪੂਰਾ ਜਾਂ ਆਰਜ਼ੀ ਡਰਾਈਵਿੰਗ ਲਾਇਸੰਸ ਹੈ, ਤਾਂ ਤੁਸੀਂ ਇਹਨਾਂ ਦੀ ਵਰਤੋਂ ਜਨਤਕ ਸੜਕਾਂ ਅਤੇ ਸਾਈਕਲ ਮਾਰਗਾਂ 'ਤੇ ਕਰ ਸਕਦੇ ਹੋ।

ਬੱਸ ਸਿਰਫ ਇਹ ਜਾਂਚ ਕਰੋ ਕਿ ਤੁਹਾਡਾ ਡਰਾਈਵਿੰਗ ਲਾਇਸੰਸ ਏ.ਐਮ. (AM), ਏ. ਜਾਂ ਬੀ. ਸ਼੍ਰੇਣੀਆਂ ਨੂੰ ਕਵਰ ਕਰਦਾ ਹੈ।

HAMPSHIRE & ISLE OF WIGHT CONSTABULARY

THAMES VALLEY POLICE